**ਧੂੰਏ ਦੇ ਅਲਾਰਮ ਜਾਨਾਂ ਬਚਾਉਂਦੇ ਹਨ !**

ਆਪਣੇ ਘਰ ਦੀ ਹਰ ਮੰਜ਼ਲ ਉਤੇ ਇਕ ਫ਼ਿਟ ਕਰੋ
ਅਤੇ ਉਸ ਦੀਆਂ ਬੈਟਰਿਆਂ ਨਿਯਮਬੱਧ ਟੈਸਟ ਕਰੋ।

FIRE KILLS YOU CAN PREVENT IT

ਜੇਕਰ ਅੱਗ ਲੱਗੀ ਹੈ... **ਬਾਹਰ ਨਿਕਲੋ**
**ਬਾਹਰ ਰਵੋ**
**ਅਤੇ ਫੋਨ**
**999**

- ਉਹ ਮੋਮਬੱਤੀਆਂ ਜਿਹੜੀਆਂ ਕਿ ਬੁਝੀਆਂ ਹੁੰਦੀਆਂ ਹਨ ਉਹ ਹੋਲੀ ਹੋਲੀ ਘੁਟਕੇ ਬੱਲਦੀਆਂ ਰਹੀਦੀਆਂ ਹਨ ਅਤੇ ਅੱਗ ਸ਼ੁਰੂ ਕਰ ਸਕਦੀਆਂ ਹਨ।
- ਆਪਣੇ ਆਪ ਅਤੇ ਆਪਣੇ ਘਰ ਨੂੰ ਇਸ ਤੋਂ ਬਚਾਉਣ ਵਾਸਤੇ ਸੱਭ ਤੋਂ ਵਧੀਆ ਤਰੀਕਾ ਧੂੰਏਂ ਦਾ ਅਲਾਰਮ ਹੈ। ਇਨ੍ਹਾਂ ਦੀ ਕੀਮਤ ਸਿਰਫ਼ £5 ਤੋਂ ਸ਼ੁਰੂ ਹੁੰਦੀ ਹੈ ਅਤੇ ਤੁਸੀਂ ਇਹ ਸੂਪਰਮਾਰਕੀਟਾਂ ਅਤੇ ਹਾਈ-ਸਟ੍ਰੀਟ ਵਾਲੀਆਂ ਦੁਕਾਨਾਂ ਵਿਚੋਂ ਖਰੀਦ ਸਕਦੇ ਹੋ। ਇਹ ਪੱਕਾ ਕਰੋ ਕਿ ਤੁਸੀਂ ਬੈਟਰੀ ਹਰ ਹਫ਼ਤੇ ਪ੍ਰਖਦੇ ਹੋ।


ਆਇਓਨਾਇਜ਼ੇਸ਼ਨ
**ਬੈਟਰੀ ਅਲਾਰਮ**
£5 ਤੋਂ ਉਪਲੱਬਦ ਹਨ

***ਯਾਦ ਰੱਖੋ** – ਮੋਮਬੱਤੀਆਂ ਨੂੰ ਕਦੇ ਵੀ ਨਿਗਰਾਨੀ ਰਹਿਤ ਨਾਂ ਕਰੋ ਅਤੇ ਰਾਤ ਵੇਲੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਬੁਝਾਵੋ।*




## ਹੁਸ਼ਿਆਰ ਬਣੋ !

ਜਾਣਕਾਰੀ ਜਿਹੜੀ ਤੁਹਾਡੀ ਜਾਨ ਬਚਾ ਸਕਦੀ ਹੈ।

## ਸਾਜ਼-ਸਮਾਨ ਨਾਲ ਲੈਸ ਰਹੋ !

ਆਪਣੀ ਸੁਰੱਖਿਆ ਵਿਚ ਪੂੰਜੀ ਲਾਓ।

## ਬਾਹਰ ਨਿਕਲੋ !

ਵਿਉਂਤ ਬਣਾਉ। ਤਿਆਰ ਰਹੋ।

ਇਹ ਕਿਤਾਬਚਾ ਅੱਗ ਤੋਂ ਸੁਰੱਖਿਆ ਦੀ ਲੜੀ "ਹੁਸ਼ਿਆਰ ਬਣੋ ! ਲੈਸ ਰਹੋ ! ਬਾਹਰ ਨਿਕਲੋ !" ਵਿਚੋਂ ਇਕ ਹੈ ਜਿਹੜਾ ਕੀ ਤੁਸੀਂ ਆਪਣੇ ਸਥਾਨਕ ਅੱਗ ਅਤੇ ਬਚਾਉ ਸੇਵਾ ਤੋਂ ਸੰਪਰਕ ਕਰਕੇ ਪ੍ਰਾਪਤ ਕਰ ਸਕਦੇ ਹੋ। ਇਸ ਲੜੀ ਦੇ ਵਿਚ ਹੋਰ ਕਈ ਕਿਤਾਬਚੇ ਹਨ ਜਿਹੜੇ ਕਿ ਅੱਗ ਤੋਂ ਸੁਰੱਖਿਆ ਵਾਲੇ ਸਾਜ਼-ਸਮਾਨ, ਮਾਂਪਿਆਂ ਅਤੇ ਬੱਚਿਆਂ ਵਾਸਤੇ ਅੱਗ ਤੋਂ ਸੁਰੱਖਿਆ, ਅਤੇ ਕਮਜ਼ੋਰ ਨਿਗਾਹ ਵਾਲਿਆਂ ਜਾਂ ਜਿਨ੍ਹਾਂ ਨੂੰ ਚੱਲਣ ਫ਼ਿਰਨ ਵਿਚ ਤੰਗੀ ਹੈ ਉਨ੍ਹਾਂ ਲਈ ਵਧੇਰੇ ਜਾਣਕਾਰੀ ਪ੍ਰਦਾਨ ਕਰਦੇ ਹਨ।

ਇਨ੍ਹਾਂ ਦਾ ਅਨੁਵਾਦ ਅਤੇ ਹੋਰ ਵਿਕਲਪੀ ਰੂਪ ਵਿਚ ਵੀ ਉਪਲੱਬਧ ਹਨ।

Published by the Office of the Deputy Prime Minister.
©Crown copyright 2004. Reprinted in the UK, March 2005, on material containing 75% post-consumer waste and 25% ECF pulp.
Product code: Fire candles 04PU

FIRE KILLS YOU CAN PREVENT IT

**ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਇਟ ਵੇਖੋ: www.firekills.gov.uk**

Punjabi

# ਮੋਮਬੱਤੀ ਤੋਂ ਸੁਰੱਖਿਆ



FIRE KILLS YOU CAN PREVENT IT

**ਅੱਗ ਤੋਂ ਆਪਣੇ ਘਰ ਦੀ ਸੁਰੱਖਿਆ ਕਰੋ**

# ਮੋਮਬੱਤੀ ਤੋਂ ਸੁਰੱਖਿਆ – ਦੀ ਵਿਸ਼ੇਸ਼ਤਾ

**ਲਪਟ ਭਾਵੇਂ ਛੋਟੀ ਹੋਵੇ – ਪਰ ਹਰ ਦਿਨ ਪੰਜ ਨਾਲੋਂ ਜਿਆਦਾ ਅੱਗਾਂ ਮੋਮਬੱਤੀਆਂ ਨਾਲ ਹੀ ਸ਼ੁਰੂ ਹੁੰਦੀਆਂ ਹਨ। ਅੱਗ ਲੱਗਣ ਅਤੇ ਸ਼ੁਰੂ ਹੋਣ ਲਈ ਸਿਰਫ਼ ਕੁਝ ਪਲਾਂ ਲਈ ਧਿਆਨ–ਭੰਗ ਹੋਣ ਦੀ ਦੇਰ ਲੱਗਦੀ ਹੈ ਅਤੇ ਇਸ ਦਾ ਨਤੀਜਾ ਬਹੁਤ ਦੁਖਾਂਤਕ ਵੀ ਹੋ ਸਕਦਾ ਹੈ।**

## ਆਪਣੇ ਘਰ ਅਤੇ ਪਰਿਵਾਰ ਨੂੰ ਅੱਗ ਤੋਂ ਸੁਰੱਖਿਅਤ ਰੱਖੋ।

ਇਸ ਕਿਤਾਬਚੇ ਵਿਚ ਦਿੱਤੀ ਗਈ ਨਸੀਹਤ ਨੂੰ ਸਮਝੋ ਅਤੇ ਪਤਾ ਕਰੋ ਕਿ ਮੋਮਬੱਤੀਆਂ ਨੂੰ ਸੁਰੱਖਿਅਤ ਰੂਪ ਵਿਚ ਕਿਵੇਂ ਇਸਤੇਮਾਲ ਕੀਤਾ ਜਾ ਸਕਦਾ ਹੈ।

### ਵਾਸਤਵਿਕ ਜੀਵਨ – ਭੁੱਲ ਜਾਣ ਵਾਲੀ ਰਾਤ !



ਸ਼ਾਮ ਵੇਲੇ ਆਰਾਮ ਕਰਦੇ ਹੋਏ ਰਤਨ ਗੁਮਣ ਅਕਸਰ ਆਪਣੇ ਟੈਲੀਵਿਜ਼ਨ ਉਤੇ ਛੋਟੀ ਮੋਮਬੱਤੀਆਂ (ਟੀ ਲਾਈਟਸ) ਲਾਉਦਾ ਹੁੰਦਾ ਸੀ। ਪਿਛਲੇ ਸਾਲ ਸਤੰਬਰ ਵਿਚ ਰਤਨ ਸੌਣ ਲਈ ਚਲੇ ਗਿਆ ਪਰ ਇਕ ਮੋਮਬੱਤੀ ਅਜੇ ਚੰਗੀ ਤਰਾਂ ਬੁਝੀ ਨਹੀਂ ਸੀ।

ਉਹ ਮੋਮਬੱਤੀ ਇਨ੍ਹੀ ਗਰਮ ਸੀ ਕਿ ਉਸ ਨੇ ਟੈਲੀਵਿਜ਼ਨ ਦੇ ਉਤਲੇ ਹਿਸੇ ਨੂੰ ਪਿਘਲਾ ਦਿਤਾ ਅਤੇ ਬਹੁਤ ਹੀ ਗੰਭੀਰ ਅੱਗ ਸ਼ੁਰੂ ਕਰ ਦਿਤੀ। ਖੁਸ਼ਕਿਸਮਤੀ ਨਾਲ ਰਤਨ ਅਤੇ ਉਸ ਦੀ ਪਤਨੀ ਨੂੰ ਧੂੰਏਂ ਦੇ ਅਲਾਰਮ ਨੇ ਜਗਾ ਦਿਤਾ ਪਰ ਬੈਠਕ ਨੂੰ ਬਹੁਤ ਨੁਕਸਾਨ ਪਹੁੰਚਿਆ। "ਮੈ ਬਹੁਤ ਥੱਕਿਆ ਹੋਇਆ ਸੀ ਇਸ ਲਈ ਮੈ ਸੋਚਿਆ ਕੀ ਮੈਂ ਇਸ ਨੂੰ ਫ਼ੂਕ ਮਾਰ ਕੇ ਬੁਝਾ ਦਿੰਦਾ ਹਾਂ" ਰਤਨ ਨੂੰ ਚੇਤਾ ਹੈ। "ਮੈਂ ਕਦੇ ਵੀ ਇਹ ਨਹੀਂ ਸੀ ਸੋਚਿਆ ਕਿ ਇਨੀ ਛੋਟੀ ਜਿਹੀ ਲਪਟ ਇਨਾਂ ਨੁਕਸਾਨ ਕਰ ਸਕਦੀ ਹੈ।"

# ਮੋਮਬੱਤੀ ਤੋਂ ਸੁਰੱਖਿਆ

**ਬਲਦੀ ਹੋਈ ਮੋਮਬੱਤੀ ਨਾਲ ਕਿਸੇ ਹੋਰ ਤਰ੍ਹਾਂ ਦੀ ਅੱਗ ਦੀ ਲਪਟ ਵਾਂਗ ਹੀ ਪੇਸ਼ ਆਵੋ – ਧਿਆਨ ਦੇ ਨਾਲ !**

- ਇਨ੍ਹਾਂ ਨੂੰ ਖੁਲੀ ਹਵਾ ਵਾਲੇ ਖੇਰਤ ਅਤੇ ਉਨ੍ਹਾਂ ਸਾਰੀਆਂ ਚੀਜ਼ਾਂ ਤੋਂ ਦੂਰ ਰੱਖੋ ਜਿਨ੍ਹਾਂ ਨੂੰ ਬਹੁਤ ਜਲਦੀ ਅੱਗ ਲੱਗ ਜਾਂਦੀ ਹੈ ਜਿਵੇਂ ਕੀ ਫਰਨੀਚਰ ਜਾਂ ਪੜਦੇ।



- ਮੋਮਬੱਤੀਆਂ ਨੂੰ ਡਿਗਣ ਨਾ ਦਵੋ ! ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਮੋਮਬੱਤੀਆਂ ਨੂੰ ਪੱਕੀ ਤਰ੍ਹਾਂ ਵਾਜਬ ਹੋਲਡਰ ਵਿਚ ਸਿੱਧਾ ਖੜਾ ਕਰੋ।



- ਹਮੇਸ਼ਾਂ ਮੋਮਬੱਤੀਆਂ ਨੂੰ ਗਰਮੀ ਬਾਧਕ ਵਾਲੇ ਸਤਿਹ ਤੇ ਰੱਖੋ। ਰਾਤ ਵਾਲੀਆਂ ਮੋਮਬੱਤੀਆਂ ਅਤੇ ਆਮ ਛੋਟੀਆਂ ਮੋਮਬੱਤੀਆਂ ਪਲਾਸਟਿਕ ਦੇ ਸਤਿਹ ਨੂੰ ਪਿਘਲਾ ਦਿੰਦੀਆਂ ਹਨ ਜਿਵੇਂ ਕੀ ਟੈਲੀਵਿਜ਼ਨ ਦਾ ਉਪਰੀ ਭਾਗ ਅਤੇ ਨਹਾਉਣ ਵਾਲਾ ਟੱਬ।



***ਯਾਦ ਰੱਖੋ** – ਸੁਗੰਧਿਤ ਮੋਮਬੱਤੀਆਂ ਵਾਸਤੇ ਕੱਚ ਜਾਂ ਲੋਹੇ ਦੇ ਹੋਲਡਰ ਇਸਤੇਮਾਲ ਕਰੋ, ਕਿਉਂਕਿ ਇਹ ਮੋਮਬੱਤੀਆਂ ਤਰਲ ਬਣਕੇ ਹੀ ਸੁਗੰਧ ਛੱਡਦੀਆਂ ਹਨ।*

- ਮੋਮਬੱਤੀਆਂ ਦੇ ਉਪਰ ਨਾਂ ਝੁਕੋ ! ਇਸ ਨਾਲ ਤੁਹਾਡੇ ਕਪੜੇ ਜਾਂ ਬਾਲਾਂ ਨੂੰ ਅੱਗ ਲੱਗ ਸਕਦੀ ਹੈ।
- ਦੋ ਬਲਦੀਆਂ ਮੋਮਬੱਤੀਆਂ ਵਿਚ ਹਮੇਸ਼ਾਂ ਘੱਟ ਤੋਂ ਘੱਟ ਚਾਰ ਇੰਚ ਦਾ ਫ਼ਾਸਲਾ (10cm) ਹੋਣਾ ਚਾਹੀਦਾ ਹੈ।



***ਵਿੱਥ ਦਾ ਖਿਆਲ ਰੱਖੋ !** ਮੋਮਬੱਤੀਆਂ ਕਦੇ ਵੀ ਸ਼ੈਲਫ਼ਾਂ ਜਾਂ ਹੋਰ ਕਿਸੇ ਸਤਿਹ ਦੇ ਹੇਠ ਨਾ ਰੱਖੋ।*

- ਕਦੇ ਵੀ ਗਰਮ ਮੋਮ ਦੇ ਵਿਚ ਕੋਈ ਚੀਜ਼ ਡਿਗਣ ਨਾਂ ਦਵੋ ਜਿਵੇਂ ਕੀ ਤੀਲੀਆਂ।
- ਮੋਮਬੱਤੀ ਬੁਝਾਉਣ ਵਾਸਤੇ "ਸੱਨਫ਼ਰ" ਜਾਂ ਚਮਚੇ ਦਾ ਪ੍ਰਯੋਗ ਕਰੋ। ਇਹ ਉਨ੍ਹਾਂ ਨੂੰ ਫ਼ੂਕ ਮਾਰਕੇ ਬੁਝਾਉਣ ਨਾਲੋ ਕਿਤੇ ਵਧੇਰੇ ਸੁਰੱਖਿਅਤ ਹੈ, ਜਿਸ ਨਾਲ ਚਿੰਗਿਆੜੇ ਅਤੇ ਮੋਮ ਉਡ ਕੇ ਕਿਤੇ ਵੀ ਡਿੱਗ ਸਕਦਾ ਹੈ।



***ਹਮੇਸ਼ਾਂ** – ਮੋਮਬੱਤੀਆਂ ਨੂੰ ਹਿਲਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਬੁਝਾਵੋ।*

- ਮੋਮਬੱਤੀਆਂ ਨੂੰ ਬੱਚਿਆਂ ਅਤੇ ਪਾਲਤੂ ਜਾਨਵਰਾਂ ਦੀ ਪਹੁੰਚ ਤੋਂ ਦੂਰ ਰੱਖੋ।